BRAMPTON Flower City
brampton.ca

Service and Information Update

# ਸਰਦੀਆਂ ਦੀਆਂ ਆਉਟਡੋਰ ਸਹੂਲਤਾਂ ਹੁਣ ਇਸ ਸੀਜਨ ਲਈ ਬੰਦ ਹੋ ਗਈਆਂ ਹਨ

ਬ੍ਰੈਂਪਟਨ, ਓਨਟੈਰੀਓ (21 ਮਾਰਚ, 2019) – ਗਰਮ ਤਾਪਮਾਨ ਅਤੇ ਬਸੰਤ ਰੁੱਤ ਆਉਣ ਦੇ ਕਾਰਨ, ਇਸ ਸੀਜਨ ਲਈ ਗੇਜ ਪਾਰਕ (Gage Park), ਚਿੰਗਕੂਜ਼ੀ ਪਾਰਕ (Chinguacousy Park), ਮਾਉਂਟ ਪਲੈਜ਼ੈਂਟ (Mount Pleasant) ਅਤੇ ਗੋਰ ਮੇਡੋਜ (Gore Meadows) ਆਉਟਡੋਰ ਸਕੇਟਿੰਗ ਰਿੰਕ ਬੰਦ ਹੋ ਗਏ ਹਨ।

ਜੋ ਨਿਵਾਸੀ ਸਕੇਟਿੰਗ ਕਰਨਾ ਚਾਹੁੰਦੇ ਹਨ, ਉਹਨਾਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਸਿਟੀ ਅੱਠ ਰੇਕ੍ਰੀਏਸ਼ਨ ਕੇਂਦਰਾਂ ਵਿੱਚ ਪੂਰਾ ਸਾਲ ਡ੍ਰੌਪ-ਇਨ (ਬਿਨਾਂ ਕਿਸੇ ਬੁਕਿੰਗ ਦੇ) ਸਕੇਟਿੰਗ ਅਤੇ ਇਨਡੋਰ ਹਾਕੀ (ਸ਼ਿਨੀ ਇਨਡੋਰਸ) ਦੇ ਨਾਲ-ਨਾਲ, ਰਜਿਸਟਰਡ ਸਕੇਟਿੰਗ ਕਲਾਸਾਂ ਦੀ ਪੇਸ਼ਕਸ਼ ਕਰਦੀ ਹੈ।

ਮਾਉਂਟ ਚਿੰਗਕੂਜ਼ੀ (Mount Chinguacousy) ਵਿੱਚ ਸਕੀਇੰਗ, ਸਨੋਬੋਰਡ ਅਤੇ ਟਿਊਬਿੰਗ ਸਹੂਲਤਾਂ ਵੀ ਇਸ ਸੀਜਨ ਲਈ ਅਧਿਕਾਰਤ ਤੌਰ ਤੇ ਬੰਦ ਹੋ ਗਈਆਂ ਹਨ। ਆਖਰੀ ਰਜਿਸਟਰਡ ਸਕੀਇੰਗ ਅਤੇ ਸਨੋਬੋਰਡ ਕਲਾਸਾਂ ਬੁੱਧਵਾਰ, 20 ਮਾਰਚ ਨੂੰ ਹੋਈਆਂ ਸਨ।

ਰੇਕ੍ਰੀਏਸ਼ਨ ਪ੍ਰੋਗਰਾਮਾਂ ਦੀ ਪੂਰੀ ਸੂਚੀ ਔਨਲਾਈਨ www.brampton.ca/recreation ਤੇ ਉਪਲਬਧ ਹੈ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca